# India participates at the third G20 Sherpa meeting in Yogyakarta, Indonesia

September 30, 2022

## ਭਾਰਤ ਹੋਇਆ ਯੋਗਯਾਕਾਰਤਾ (ਇੰਡੋਨੇਸ਼ੀਆ) ਵਿੱਚ ਤੀਜੀ G -20 ਸ਼ੇਰਪਾ ਬੈਠਕ ਵਿੱਚ ਸ਼ਾਮਲ

**30 ਸਤੰਬਰ, 2022**

ਭਾਰਤ ਦੇ G -20 ਸ਼ੇਰਪਾ ਸ਼੍ਰੀ ਅਮਿਤਾਭ ਕਾਂਤ ਨੇ 26-29 ਸਤੰਬਰ 2022 ਨੂੰ ਯੋਗਯਾਕਾਰਤਾ (ਇੰਡੋਨੇਸ਼ੀਆ) ਵਿੱਚ ਹੋਈ G -20 ਪ੍ਰਧਾਨਗੀ ਦੀ ਤੀਜੀ G -20 ਸ਼ੇਰਪਾ ਬੈਠਕ ਵਿਚ ਭਾਗ ਲੈਣ ਵਾਲੇ ਅਧਿਕਾਰਤ ਭਾਰਤੀ ਵਫ਼ਦ ਦੀ ਅਗਵਾਈ ਕੀਤੀ। ਇੰਡੋਨੇਸ਼ੀਆ ਦੀ ਪ੍ਰਧਾਨਗੀ ਹੇਠ ਸ਼ੇਰਪਾ ਦੀ ਪਹਿਲੀ ਬੈਠਕ ਦਸੰਬਰ, 2021 ਵਿੱਚ ਅਤੇ ਦੂਜੀ ਜੁਲਾਈ, 2022 ਵਿੱਚ ਹੋਈ ਸੀ।

ਵਿਚਾਰ-ਵਟਾਂਦਰੇ ਦੌਰਾਨ ਸ਼੍ਰੀ ਅਮਿਤਾਭ ਕਾਂਤ ਨੇ ਨਵੰਬਰ, 2022 ਵਿੱਚ ਹੋਣ ਵਾਲੇ G20 ਸਿਖ਼ਰ ਸੰਮੇਲਨ ਲਈ ਸਾਰਥਕ ਨਤੀਜਿਆਂ ਨੂੰ ਅੰਤਿਮ ਰੂਪ ਦੇਣ ਲਈ ਇੰਡੋਨੇਸ਼ੀਆ ਦੇ ਰਾਸ਼ਟਰਪਤੀ ਦੇ ਯਤਨਾਂ ਪ੍ਰਤੀ ਭਾਰਤ ਦੀ ਵਚਨਬੱਧਤਾ ਅਤੇ ਸਰਗਰਮ ਹਮਾਇਤ ਦੀ ਗੱਲ ਦੁਹਰਾਈ। ਉਨ੍ਹਾਂ ਨੇ ਅੰਤਰਰਾਸ਼ਟਰੀ ਸਹਿਯੋਗ ਅਤੇ ਯਤਨਾਂ 'ਤੇ ਵਿਸ਼ਵਵਿਆਪੀ ਫੋਕਸ ਵਧਾਉਣ ਅਤੇ ਮਜ਼ਬੂਤ ਕਰਨ ਲਈ G20 ਦੇ ਮੁੱਖ ਤਰਜੀਹੀ ਖੇਤਰਾਂ ਜਿਵੇਂ ਕਿ ਟਿਕਾਊ ਵਿਕਾਸ, SDGs ਦੇ ਮਾਮਲੇ 'ਚ ਤੇਜ਼ ਪ੍ਰਗਤੀ, ਵਾਤਾਵਰਣ ਲਈ ਜੀਵਨ ਸ਼ੈਲੀ (LiFE), ਤਕਨੀਕ-ਸਮਰਥਿਤ ਵਿਕਾਸ ਅਤੇ ਡਿਜੀਟਲ ਜਨਤਕ ਬੁਨਿਆਦੀ ਢਾਂਚਾ, ਬਹੁਪੱਖੀ ਸੁਧਾਰ ਅਤੇ ਮਹਿਲਾ ਸਸ਼ਕਤੀਕਰਨ ਸਮੇਤ ਜਲਵਾਯੂ ਪਰਿਵਰਤਨ 'ਤੇ ਜ਼ੋਰ ਦਿੱਤਾ।

G -20 ਸ਼ੇਰਪਾ ਬੈਠਕ ਦੇ ਮੌਕੇ 'ਤੇ ਸ਼੍ਰੀ ਅਮਿਤਾਭ ਕਾਂਤ ਨੇ ਬ੍ਰਾਜ਼ੀਲ, ਫਰਾਂਸ, ਜਰਮਨੀ, ਜਾਪਾਨ, ਰੂਸ, ਸਾਊਦੀ ਅਰਬ, ਦੱਖਣੀ ਕੋਰੀਆ, ਸਪੇਨ, ਯੂਕੇ ਅਤੇ ਅਮਰੀਕਾ ਦੇ ਆਪਣੇ ਆਉਣ ਵਾਲੇ ਸ਼ੇਰਪਾ ਹਮਰੁਤਬਾਵਾਂ ਨਾਲ ਦੁਵੱਲੀ ਗੱਲਬਾਤ ਵੀ ਕੀਤੀ।

G -20 ਦੇ ਸੰਦਰਭ ਵਿੱਚ ਮੌਜੂਦਾ ਭੂ-ਰਾਜਨੀਤਿਕ ਸਥਿਤੀ 'ਤੇ ਹੋਈ ਚਰਚਾ ਦੌਰਾਨ ਸ਼੍ਰੀ ਅਮਿਤਾਭ ਕਾਂਤ ਨੇ ਪ੍ਰਧਾਨ ਮੰਤਰੀ ਮੋਦੀ ਦੇ 16 ਸਤੰਬਰ ਨੂੰ ਦਿੱਤੇ ਤਾਜ਼ਾ ਬਿਆਨ ਨੂੰ ਉਜਾਗਰ ਕੀਤਾ ਕਿ "ਅੱਜ ਦਾ ਦੌਰ ਜੰਗ ਦਾ ਨਹੀਂ ਹੈ... ਕੂਟਨੀਤੀ ਅਤੇ ਸੰਵਾਦ ਦੁਨੀਆ ਨੂੰ ਛੂਹਣ ਵਾਲੀਆਂ ਚੀਜ਼ਾਂ ਹਨ"।

ਭਾਰਤ ਦੀ ਉਸਾਰੂ ਸਦਕਾ G -20 ਵਿਚਾਰ-ਵਟਾਂਦਰੇ ਵਿੱਚ ਵਧੇਰੇ ਸਕਾਰਾਤਮਕਤਾ ਅਤੇ ਆਸ਼ਾਵਾਦ ਪ੍ਰਫੁੱਲਤ ਹੋਇਆ ਅਤੇ ਮੌਜੂਦਾ ਆਲਮੀ ਚੁਣੌਤੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਹੱਲ ਕਰਨ ਦਾ ਸਮੂਹਿਕ ਸੰਕਲਪ ਹੋਰ ਮਜ਼ਬੂਤ ਹੋਇਆ।

ਨਵੀਂ ਦਿੱਲੀ

30 ਸਤੰਬਰ, 2022

DISCLAIMER: This is an approximate translation. The original is available in English on MEA’s website and may be referred to as the official press release.